Washington State Department of Social & Health Services
DCS Division of Child Support

STATE OF WASHINGTON
DEPARTMENT OF SOCIAL AND HEALTH SERVICES
DIVISION OF CHILD SUPPORT (DCS)

ਬਾਲ ਸਹਾਇਤਾ ਆਰਡਰ ਦੀ ਸਮੀਖਿਆ ਲਈ ਬੇਨਤੀ

Child Support Order Review Request

ਵੱਲ:

ਵਿਸ਼ਾ:

ਕੇਸ ਨੰਬਰ:

ਤਾਰੀਖ:

ਪ੍ਰੋਗਰਾਮ ਬਾਰੇ ਜਾਣਕਾਰੀ

ਤੁਸੀਂ ਡਿਵੀਜ਼ਨ ਆਫ਼ ਚਾਈਲਡ ਸਪੋਰਟ (DCS) ਨੂੰ ਆਪਣੇ ਚਾਈਲਡ ਸਪੋਰਟ ਆਰਡਰ (ਬਾਲ ਸਹਾਇਤਾ ਆਰਡਰ) ਨੂੰ ਸੰਸ਼ੋਧਿਤ (ਬਦਲਣ) ਜਾਂ ਐਡਜਸਟ ਕਰਨ ਲਈ ਕਿਹਾ ਹੈ। ਆਪਣੇ ਆਰਡਰ ਨੂੰ ਸੰਸ਼ੋਧਿਤ ਜਾਂ ਐਡਜਸਟ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਕੋਲ ਦੋ ਚੋਣਾਂ ਹਨ:

1. ਆਪਣੇ ਆਰਡਰ ਨੂੰ ਸੰਸ਼ੋਧਿਤ ਕਰਨ ਲਈ ਅਦਾਲਤ ਵਿੱਚ ਕਾਰਵਾਈ ਦਾਖਲ ਕਰੋ। ਤੁਸੀਂ ਇਹ ਆਪਣੇ-ਆਪ ਜਾਂ ਕਿਸੇ ਵਕੀਲ ਦੇ ਮਾਧਿਅਮ ਨਾਲ ਕਰ ਸਕਦੇ ਹੋ।
2. DCS ਨੂੰ ਤੁਹਾਡੇ ਆਰਡਰ ਦੀ ਸਮੀਖਿਆ ਕਰਨ ਲਈ ਕਹੋ।
   a. DCS ਤੁਹਾਡੀ ਜਾਂ ਤੁਹਾਡੇ ਆਰਡਰ ਦੀ ਦੂਜੀ ਧਿਰ ਦੀ ਪੈਰਵੀ ਨਹੀਂ ਕਰ ਸਕਦਾ ਹੈ ਜਾਂ ਕਾਨੂੰਨੀ ਸਲਾਹ ਮੁਹੱਈਆ ਨਹੀਂ ਕਰ ਸਕਦਾ ਹੈ।
   b. DCS ਤੁਹਾਡੀ ਜਾਣਕਾਰੀ ਦੀ ਸਮੀਖਿਆ ਕਰਦਾ ਹੈ।
      (1) ਜੇ ਤੁਹਾਡਾ ਆਰਡਰ ਸਮੀਖਿਆ ਲਈ ਘੱਟੋ-ਘੱਟ ਸ਼ਰਤ ਨੂੰ ਪੂਰਾ **ਨਹੀਂ ਕਰਦਾ** ਹੈ, ਤਾਂ DCS ਇਸ ਤੋਂ ਅੱਗੇ ਕੁਝ ਨਹੀਂ ਕਰੇਗਾ।
      (2) ਜੇ ਤੁਹਾਡਾ ਆਰਡਰ ਸਮੀਖਿਆ ਲਈ ਘੱਟੋ-ਘੱਟ ਸ਼ਰਤ ਨੂੰ ਪੂਰਾ **ਕਰਦਾ** ਹੈ, ਤਾਂ DCS ਤੁਹਾਡੇ ਮਾਮਲੇ ਨੂੰ ਸੋਧਣ ਜਾਂ ਐਡਜਸਟ ਕਰਨ ਲਈ ਪ੍ਰੋਸਿਕਿਊਟਿੰਗ ਅਟਾਰਨੀ ਆਫਿਸ ਜਾਂ ਕਿਸੇ ਹੋਰ ਚਾਈਲਡ ਸਪੋਰਟ ਏਜੰਸੀ (ਜਿਵੇਂ ਲੋੜ ਹੋਵੇ) ਕੋਲ ਭੇਜੇਗਾ। ਘੱਟੋ-ਘੱਟ ਲੋੜਾਂ ਹਨ:
         (a) DCS ਕੋਲ ਆਰਡਰ ਦੀਆਂ ਦੋਵੇਂ ਧਿਰਾਂ ਦੇ ਮੌਜੂਦਾ ਪਤੇ ਦੀ ਜਾਣਕਾਰੀ ਜ਼ਰੂਰ ਹੋਵੇ।
         (b) ਆਰਡਰ ਦੀਆਂ ਦੋਵੇਂ ਧਿਰਾਂ ਵਾਸ਼ਿੰਗਟਨ ਰਾਜ ਦੇ ਅਧਿਕਾਰ ਖੇਤਰ ਦੇ ਅੰਦਰ ਜ਼ਰੂਰ ਹੋਣ।
         (c) ਪਿਛਲੀ ਵਾਰ ਸਹਾਇਤਾ ਰਕਮ ਨਿਸ਼ਚਿਤ ਕੀਤੇ ਨੂੰ ਘੱਟੋ-ਘੱਟ ਤਿੰਨ ਸਾਲ ਬੀਤ ਗਏ ਹਨ **ਜਾਂ** ਤੁਸੀਂ ਹਾਲਾਤ ਵਿੱਚ ਕਾਫ਼ੀ ਵੱਡੀ ਤਬਦੀਲੀ ਦਿਖਾ ਸਕਦੇ ਹੋ।
         (d) ਇਹ ਜ਼ਰੂਰੀ ਹੈ ਕਿ ਮੌਜੂਦਾ ਆਰਡਰ ਵਿੱਚ ਸਹਾਇਤਾ ਦੀ ਕੁੱਲ ਰਕਮ, ਸਭ ਤੋਂ ਨਵੀਂ ***ਵਾਸ਼ਿੰਗਟਨ ਸਟੇਟ ਬਾਲ ਸਹਾਇਤਾ ਅਨੁਸੂਚੀ (Washington State Child Support Schedule)*** ਦੁਆਰਾ ਨਿਸ਼ਚਿਤ ਕੀਤੀ ਰਕਮ ਤੋਂ ਘੱਟੋ-ਘੱਟ 25 ਪ੍ਰਤਿਸ਼ਤ ਉੱਪਰ ਜਾਂ ਹੇਠਾਂ ਹੋਵੇ **ਅਤੇ** ਮੌਜੂਦਾ ਸਹਾਇਤਾ ਰਕਮ ਅਤੇ ਨਵੀਂ ਰਕਮ ਵਿਚਲਾ ਅੰਤਰ ਘੱਟੋ-ਘੱਟ $100.00 ਪ੍ਰਤੀ ਮਹੀਨਾ ਹੋਵੇ।
         (e) ਆਰਡਰ ਦੇ ਬਾਕੀ ਬਚੇ ਜੀਵਨ ਲਈ ਕੁੱਲ ਸਹਾਇਤਾ ਰਕਮ ਵਿੱਚ ਘੱਟੋ-ਘੱਟ $2,400.00 ਦਾ ਪਰਿਵਰਤਨ ਜ਼ਰੂਰ ਹੋਵੇ।

         ਨੋਟ ਕਰੋ: ਉੱਪਰ ਦਿੱਤੀਆਂ ਸ਼ਰਤਾਂ ਵਿੱਚੋਂ ਅਖੀਰਲੀਆਂ ਦੋ ਦਾ ਅਪਵਾਦ ਉਸ ਸਮੇਂ ਹੁੰਦਾ ਹੈ ਜਦੋਂ ਆਰਡਰ ਵਿੱਚ ਬੱਚਿਆਂ ਲਈ ਸਿਹਤ ਬੀਮੇ ਦੀ ਸੁਰੱਖਿਆ ਮੁਹੱਈਆ ਕਰਨ ਦੀ ਲੋੜ ਸ਼ਾਮਲ ਨਾ ਹੋਵੇ।

ਜੇ ਆਰਡਰ ਵਿੱਚ ਸੂਚੀਬੱਧ ਬੱਚਿਆਂ ਨੂੰ ਜਨਤਕ ਸਹਾਇਤਾ ਜਾਂ ਡਾਕਟਰੀ ਸਹਾਇਤਾ ਮਿਲਦੀ ਹੈ, ਤਾਂ ਖਾਸ ਨਿਯਮ ਲਾਗੂ ਹੁੰਦੇ ਹਨ।

1. DCS ਹਰੇਕ 35 ਮਹੀਨਿਆਂ ਬਾਅਦ ਆਪਣੇ-ਆਪ ਤੁਹਾਡੇ ਆਰਡਰ ਦੀ ਸੋਧ ਜਾਂ ਐਡਜਸਟਮੈਂਟ ਵਾਸਤੇ ਜਾਂਚ ਕਰੇਗਾ।
2. ਜੇ ਤੁਸੀਂ ਆਪਣੇ ਆਰਡਰ ਨੂੰ DCS ਦੀ ਮਦਦ ਦੇ ਬਿਨਾਂ ਸੋਧਣਾ ਜਾਂ ਐਡਜਸਟ ਕਰਨਾ ਚਾਹੁੰਦੇ ਹੋ, ਤਾਂ ਜਾਂ ਤਾਂ ਰੈਕਰੂਟਿੰਗ ਅਟਾਰਨੀ ਦੇ ਆਫਿਸ ਨੂੰ ਜਾਂ ਫੇਰ DCS ਨੂੰ ਵਾਸ਼ਿੰਗਟਨ ਰਾਜ ਨੂੰ ਸੌਂਪੀ ਗਈ ਬਾਲ ਸਹਾਇਤਾ ਦੇ ਸਬੰਧ ਵਿੱਚ ਆਰਡਰ ਦੀਆਂ ਸ਼ਰਤਾਂ ਨੂੰ ਪ੍ਰਵਾਨਗੀ ਜ਼ਰੂਰ ਦੇਣੀ ਚਾਹੀਦੀ ਹੈ।

ਜੇ ਤੁਸੀਂ ਚਾਹੁੰਦੇ ਹੋ ਕਿ DCS ਤੁਹਾਡੇ ਆਰਡਰ ਦੀ ਸਮੀਖਿਆ ਕਰੇ, ਤਾਂ ਤੁਹਾਨੂੰ ਇਸ ਫਾਰਮ ਦੇ ਪੰਨਾ 2 ਅਤੇ 3 ਨੂੰ ਭਰ ਕੇ ਵਾਪਸ ਜ਼ਰੂਰ ਕਰਨਾ ਚਾਹੀਦਾ ਹੈ। ਵਾਧੂ ਲੋੜਾਂ ਲਈ ਪੰਨਾ 2 'ਤੇ ਹਿਦਾਇਤਾਂ ਦੇਖੋ।

Washington State Department of Social & Health Services
DCS Division of Child Support

STATE OF WASHINGTON
DEPARTMENT OF SOCIAL AND HEALTH SERVICES
DIVISION OF CHILD SUPPORT (DCS)

ਬਾਲ ਸਹਾਇਤਾ ਆਰਡਰ ਦੀ ਸਮੀਖਿਆ ਲਈ ਬੇਨਤੀ

Child Support Order Review Request

ਬੇਨਤੀਕਰਤਾ ਦਾ ਨਾਂ

ਕੇਸ ਨੰਬਰ:

ਹਿਦਾਇਤਾਂ

ਜੇ ਤੁਸੀਂ ਚਾਹੁੰਦੇ ਹੋ ਕਿ DCS ਤੁਹਾਡੇ ਮਾਮਲੇ ਦੀ ਸੰਭਾਵੀ ਸੋਧ ਜਾਂ ਐਡਜਸਟਮੈਂਟ ਵਾਸਤੇ ਸਮੀਖਿਆ ਕਰੇ, ਤਾਂ ਸਮੀਖਿਆ ਦੀ ਮੰਗ ਕਰਨ ਲਈ ਇਸ ਫਾਰਮ ਦੀ ਵਰਤੋਂ ਕਰੋ।

ਆਪਣੇ ਦਸਤਖਤ ਨੂੰ ਛੱਡ ਕੇ, ਆਪਣੇ ਜਵਾਬਾਂ ਨੂੰ ਪ੍ਰਿੰਟ ਕਰੋ। ਸਿਰਫ ਕਾਲੀ ਜਾਂ ਨੀਲੀ ਸਿਹਾਈ ਵਰਤੋ

ਸਾਰੇ ਲੋੜੀਂਦੇ ਫਾਰਮਾ 'ਤੇ ਦਸਤਖਤ ਕਰਕੇ ਪੰਨਾ 3 'ਤੇ ਦਿੱਤੇ ਪਤੇ 'ਤੇ DCS ਨੂੰ ਭੇਜ ਦਿਓ। ਜੇ ਤੁਸੀਂ ਇੱਕ ਚਾਈਲਡ ਸਪੋਰਟ ਏਜੰਸੀ ਹੋ, ਤਾਂ ਇੱਕ ਅਧਿਕਾਰਤ ਪ੍ਰਤਿਨਿਧ ਨੂੰ ਫਾਰਮਾਂ 'ਤੇ ਦਸਤਖਤ ਜ਼ਰੂਰ ਕਰਨੇ ਚਾਹੀਦੇ ਹਨ।

ਹੇਠਾਂ ਦਿੱਤੇ ਫਾਰਮ ਭਰ ਕੇ ਵਾਪਸ ਕਰ ਦਿਓ:

1. ਇਸ ਫਾਰਮ ਦੇ **ਪੰਨਾ 2 ਅਤੇ 3।**
2. ***ਵਾਸ਼ਿੰਗਟਨ ਸਟੇਟ ਬਾਲ ਸਹਾਇਤਾ ਅਨੁਸੂਚੀ ਵਰਕਸ਼ੀਟਾਂ (Washington State Child Support Schedule Worksheets)***(ਨੱਥੀ). ਆਪਣੇ ਲਈ ਅਤੇ ਆਪਣੇ ਪਰਿਵਾਰ ਲਈ ਹਿੱਸੇ ਭਰੋ। DCS ਦੂਜੀ ਧਿਰ ਦੀ ਵਿੱਤੀ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇਗਾ।
3. ***ਵਿੱਤੀ ਘੋਸ਼ਣਾ (Financial Declaration)*** (ਨੱਥੀ)। ਇਹ ਫਾਰਮ ਸਿਰਫ ਤਾਂ ਹੀ ਭਰੋ ਜੇ ਤੁਹਾਡੇ ਕੋਲ **ਅਦਾਲਤ ਦਾ ਆਦੇਸ਼** ਹੈ।
4. ***ਗੁਪਤ ਜਾਣਕਾਰੀ*** ਫਾਰਮ (ਨੱਥੀ)। ਇਹ ਫਾਰਮ ਸਿਰਫ ਤਾਂ ਹੀ ਭਰੋ ਜੇ ਤੁਹਾਡੇ ਕੋਲ **ਅਦਾਲਤ ਦਾ ਆਦੇਸ਼** ਹੈ।
5. ***ਗੁਪਤਾ ਜਾਣਕਾਰੀ ਲਈ ਵਾਧੂ ਜਾਣਕਾਰੀ*** ਫਾਰਮ (ਨੱਥੀ) ਜੇ ਤੁਹਾਡੇ ਦੇ ਤੋਂ ਵੱਧ ਬੱਚੇ ਹਨ। ਇਹ ਫਾਰਮ ਸਿਰਫ ਤਾਂ ਹੀ ਭਰੋ ਜੇ ਤੁਹਾਡੇ ਕੋਲ **ਅਦਾਲਤ ਦਾ ਆਦੇਸ਼** ਹੈ।

ਹੇਠਾਂ ਦਿੱਤੇ ਦਸਤਾਵੇਜ਼ ਨੱਥੀ ਕਰੋ। **ਜੇ ਤੁਹਾਡੇ ਕੋਲ ਦਸਤਾਵੇਜ਼ ਨਹੀਂ ਹਨ, ਤਾਂ ਇਸਦੇ ਕਾਰਨ ਦੀ ਵਿਆਖਿਆ ਕਰਦੇ ਹੋਏ ਬਿਆਨ ਨੱਥੀ ਕਰੋ।**

1. ਤੁਹਾਡੇ ਦੇ ਪਿਛਲੇ ਸੰਘੀ ਇਨਕਮ ਟੈਕਸ ਰਿਟਰਨਾਂ ਦੀਆਂ ਕਾਪੀਆਂ।
2. ਤੁਹਾਡੀਆਂ ਆਖਰੀ ਤਿੰਨ ਤਨਖਾਹ ਦੀਆਂ ਪਰਚੀਆਂ ਦੀਆਂ ਕਾਪੀਆਂ।

DCS ਜਾਂ ਪ੍ਰੋਸਿਕਿਊਟਿੰਗ ਅਟਾਰਨੀ ਤੁਹਾਡੇ ਦੁਆਰਾ DCS ਨੂੰ ਭੇਜੇ ਗਏ ਕਿਸੇ ਵੀ ਦਸਤਾਵੇਜ਼ਾਂ ਨੂੰ ਤੁਹਾਡੇ ਸਹਾਇਤਾ ਆਰਡਰ ਦੀ ਦੂਜੀ ਧਿਰ ਨਾਲ ਸਾਂਝਾ ਕਰ ਸਕਦੀ ਹੈ ਅਤੇ ਦਸਤਾਵੇਜ਼ਾਂ ਨੂੰ ਜਨਤਕ ਅਦਾਲਤ ਫਾਈਲ ਵਿੱਚ ਦਾਇਰ ਕਰਦੀ ਹੈ।

1. ਤੁਹਾਡੇ ਸਹਾਇਤਾ ਆਰਡਰ ਦੀ ਦੂਜੀ ਧਿਰ ਨੂੰ ਤੁਹਾਡੀ ਵਿੱਤੀ ਜਾਣਕਾਰੀ ਨੂੰ ਦੇਖਣ ਦਾ ਹੱਕ ਹੁੰਦਾ ਹੈ।
2. ਦਸਤਾਵੇਜ਼ਾਂ ਨੂੰ DCS ਕੋਲ ਭੇਜਣ ਤੋਂ ਪਹਿਲਾਂ ਤੁਹਾਨੂੰ ਉਹਨਾਂ ਤੋਂ ਆਪਣੀ ਨਿੱਜੀ ਪਛਾਣ ਦੀ ਜਾਣਕਾਰੀ (ਪਤਾ, ਜਨਮ ਮਿਤੀ, ਸੋਸ਼ਲ ਸਿਕਉਰਿਟੀ ਨੰਬਰ) ਜ਼ਰੂਰ ਹਟਾ ਦੇਣੀ ਚਾਹੀਦੀ ਹੈ।

ਮੈਂ ਚਾਹੁੰਦਾ/ਚਾਹੁੰਦੀ ਹਾਂ ਕਿ DCS ਮੇਰੇ ਸਹਾਇਤਾ ਆਰਡਰ ਦੀ ਸੋਧ ਜਾਂ ਐਡਜਸਟਮੈਂਟ ਵਾਸਤੇ ਸਮੀਖਿਆ ਕਰੇ ਕਿਉਂਕਿ (ਹੇਠਾਂ ਉਹਨਾਂ ਖ਼ਾਨਿਆਂ 'ਤੇ ਸਹੀ ਲਗਾਓ ਜੋ ਤੁਹਾਡੇ ਮਾਮਲੇ 'ਤੇ ਲਾਗੂ ਹੁੰਦੇ ਹਨ):

1. ☐ ਮੇਰੀ ਆਮਦਨ ਬਦਲ ਗਈ ਹੈ।
2. ☐ ਦੂਜੇ ਮਾਤਾ/ਪਿਤਾ ਦੀ ਆਮਦਨੀ ਬਦਲ ਗਈ ਹੈ।
3. ☐ ਮੇਰੇ ਮਾਮਲੇ ਵਿੱਚ ਘੱਟੋ-ਘੱਟ ਇੱਕ ਬੱਚਾ:
   a. ☐ ਬਾਰ੍ਹਾਂ ਸਾਲ ਦਾ ਜਾਂ ਵੱਡਾ ਹੈ। ਇਹ ਮੌਜੂਦਾ ਆਰਡਰ ਤੋਂ ਤਬਦੀਲੀ ਹੈ।
   b. ☐ ਵੱਖ-ਵਖ ਘਰ ਵਿੱਚ ਰਹਿ ਰਹੇ ਹਨ।
   c. ☐ ਸਕੂਲ ਨਹੀਂ ਜਾ ਰਹੇ ਹਨ ਜਾਂ ਘਰ ਵਿੱਚ ਨਹੀਂ ਰਹਿ ਰਹੇ ਹਨ।
4. ☐ ਮੇਰੇ ਆਰਡਰ ਵਿੱਚ ਸਿਹਤ ਬੀਮੇ ਦੀ ਲੋੜ ਜੋੜੇ ਜਾਣ ਦੀ ਲੋੜ ਹੈ।
5. ☐ ਮੈਂ ਅਸਮਰਥ ਹਾਂ, ਕਿਸੇ ਸੰਸਥਾ ਵਿੱਚ ਹਾਂ, ਜਾਂ ਕੈਦ ਵਿੱਚ ਹਾਂ।
6. ☐ ਹੋਰ (ਵੇਰਵੇ ਦਿਓ): _____

ਮੈਂ ਸਮਝਦਾ/ਸਮਝਦੀ ਹਾਂ ਅਤੇ ਸਹਿਮਤ ਹੁੰਦਾ/ਹੁੰਦੀ ਹਾਂ ਕਿ:

1. ਜੇ ਮੈਂ DCS ਨੂੰ ਸਾਰੀ ਲੋੜੀਂਦੀ ਜਾਣਕਾਰੀ ਨਹੀਂ ਦਿੰਦਾ/ਦਿੰਦੀ ਹਾਂ, ਤਾਂ DCS ਆਰਡਰ ਦੀ ਸਮੀਖਿਆ ਨਹੀਂ ਕਰੇਗਾ।
2. DCS ਸਿਰਫ ਬਾਲ ਸਹਾਇਤਾ ਜਾਂ ਬੱਚਿਆਂ ਲਈ ਸਿਹਤ ਬੀਮਾ ਦੇ ਸਬੰਧ ਵਿੱਚ ਪ੍ਰਾਵਧਾਨਾਂ ਦੀ ਸੋਧ ਜਾਂ ਐਡਜਸਟਮੈਂਟ ਲਈ ਹੀ ਮੇਰੇ ਮਾਮਲੇ ਦੀ ਸਮੀਖਿਆ ਕਰੇਗਾ। DCS ਕੋਲ ਹਿਰਾਸਤ, ਮੁਲਾਕਾਤ, ਜਾਂ ਦੂਜੇ ਮੁੱਦਿਆਂ ਲਈ ਅਦਾਲਤ ਦੇ ਆਰਡਰਾਂ ਦੀ ਸਮੀਖਿਆ ਕਰਨ ਦਾ ਅਧਿਕਾਰ ਨਹੀਂ ਹੈ।
3. ਮੇਰੇ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ DCS ਬਾਲ ਸਹਾਇਤਾ ਨੂੰ ਸਥਾਪਿਤ ਕਰਨ, ਸੋਧਣ ਜਾਂ ਲਾਗੂ ਕਰਨ ਲਈ ਵਰਤਦਾ ਹੈ।
   a. DCS ਸਿਰਫ ਇਹਨਾਂ ਉਦੇਸ਼ਾਂ ਲਈ ਹੀ ਦੂਜੀਆਂ ਸਰਕਾਰੀ ਏਜੰਸੀਆਂ ਦੇ ਨਾਲ ਜਾਣਕਾਰੀ ਸਾਂਝੀ ਕਰਦਾ ਹੈ।
   b. DCS ਸਿਰਫ ਰਾਜ ਅਤੇ ਸੰਘੀ ਕਾਨੂੰਨਾਂ ਅਤੇ ਵਿਨਿਯਮਾਂ ਦੁਆਰਾ ਇਜਾਜ਼ਤ ਦੇ ਅਨੁਸਾਰ ਹੀ ਜਾਣਕਾਰੀ ਜ਼ਾਹਰ ਕਰਦਾ ਹੈ।
   c. ਮੈਂ DCS ਤੋਂ ਦੂਜੇ ਮਾਤਾ/ਪਿਤਾ ਦੀ ਨਿੱਜੀ ਅਤੇ ਗੁਪਤ ਜਾਣਕਾਰੀ ਮੰਗ ਸਕਦਾ/ਸਕਦੀ ਹਾਂ।
4. ਮੇਰੀ ਬੇਨਤੀ ਦੀ ਸਮੀਖਿਆ ਕਰਨ ਤੋਂ ਬਾਅਦ, DCS ਇਸ ਨੂੰ ਪ੍ਰੋਸਿਕਿਊਟਿੰਗ ਅਟਾਰਨੀ ਦੇ ਕੋਲ ਭੇਜੇਗਾ ਜੇ:
   a. DCS ਨੂੰ ਪੰਨਾ 3 ਤੇ ਬੇਨਤੀ ਕੀਤੇ ਗਏ ਸਾਰੇ ਫਾਰਮ ਅਤੇ ਜਾਣਕਾਰੀ ਪ੍ਰਾਪਤ ਹੁੰਦੀ ਹੈ।
   b. ਮੇਰਾ ਮਾਮਲਾ ਸੋਧ ਅਤੇ ਐਡਜਸਟਮੈਂਟ ਲਈ ਲੋੜਾਂ ਪੂਰੀਆਂ ਕਰਦਾ ਹੈ।

   ਨੋਟ ਕਰੋ: DCS ਪ੍ਰੋਸਿਕਿਊਟਿੰਗ ਅਟਾਰਨੀ ਨੂੰ ਭੇਜੀ ਗਈ ਬੇਨਤੀ ਨੂੰ ਵਾਪਸ ਨਹੀਂ ਲੈ ਸਕਦਾ ਹੈ।
5. ਜੇ ਮੇਰਾ ਆਰਡਰ ਕਾਨੂੰਨੀ ਜਾਂ ਸਮੀਖਿਆ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ ਹੈ, DCS ਜਾਂ ਪ੍ਰੋਸਿਕਿਊਟਿੰਗ ਅਟਾਰਨੀ ਸਹਾਇਤਾ ਦੇ ਆਰਡਰ ਨੂੰ ਸੋਧ ਜਾਂ ਐਡਜਸਟਮੈਂਟ ਵਾਸਤੇ ਅਦਾਲਤ ਕੋਲ ਨਾ ਲਿਜਾਉਣ ਦਾ ਫੈਸਲਾ ਕਰ ਸਕਦਾ ਹੈ।
6. ਜੇ ਕੋਈ ਪ੍ਰੋਸਿਕਿਊਟਰ ਮੇਰੇ ਸਹਾਇਤਾ ਆਰਡਰ ਵਿੱਚ ਸੋਧ ਜਾਂ ਐਡਜਸਟਮੈਂਟ ਦੇ ਨਾਲ ਅੱਗੇ ਵਧਣ ਦਾ ਫੈਸਲਾ ਕਰਦਾ ਹੈ, ਤਾਂ ਕਿਸੇ ਵੀ ਤਬਦੀਲੀ ਦੀ ਸ਼ੁਰੂਆਤੀ ਮਿਤੀ ਅਦਾਲਤ ਵਿੱਚ ਕਾਰਵਾਈ ਦਾਇਰ ਕੀਤੇ ਜਾਣ ਦੀ ਮਿਤੀ ਤੋਂ ਲੈ ਜੇ ਜੱਜ ਦੁਆਰਾ ਆਦੇਸ਼ 'ਤੇ ਦਸਤਖਤ ਕੀਤੇ ਜਾਣ ਦੀ ਮਿਤੀ ਤਕ ਕੋਈ ਵੀ ਮਿਤੀ ਹੋ ਸਕਦੀ ਹੈ। ਸ਼ੁਰੂਆਤੀ ਮਿਤੀ ਦਾ ਫੈਸਲਾ ਜੱਜ ਕਰਦਾ ਹੈ।
7. ਮੇਰੇ ਸੋਧੇ ਗਏ ਜਾਂ ਐਡਜਸਟ ਕੀਤੇ ਸਹਾਇਤਾ ਆਰਡਰ ਦੇ ਨਤੀਜੇ ਵੱਜੋਂ ਸਹਾਇਤਾ ਭੁਗਤਾਨ ਵੱਧ ਜਾਂ ਘੱਟ ਸਕਦੇ ਹਨ।
8. ਮੈਨੂੰ ਆਪਣੇ-ਆਪ ਕਿਸੇ ਅਦਾਲਤ ਨੂੰ ਮੇਰੇ ਸਹਾਇਤਾ ਆਰਡਰ ਨੂੰ ਸੋਧਣ ਜਾਂ ਐਡਜਸਟ ਕਰਨ ਲਈ ਕਹਿਣ ਦਾ ਹੱਕ ਹੈ।

_____ _____
ਮਿਤੀ ਮਾਤਾ/ਪਿਤਾ ਦੇ ਦਸਤਖਤ

_____ _____
ਮਿਤੀ ਮਾਤਾ-ਪਿਤਾ ਦੇ ਪ੍ਰਤਿਨਿਧ ਦੇ ਦਸਤਖ਼ਤ

_____
ਮਾਤਾ-ਪਿਤਾ ਦੇ ਪ੍ਰਤਿਨਿਧ ਦਾ ਸਾਫ਼ ਅੱਖਰਾਂ ਵਿੱਚ ਨਾਮ

DIVISION OF CHILD SUPPORT
PO BOX 11520
TACOMA WA 98411-5520

ਕਾਲਿੰਗ ਖੇਤਰ _____ ਦੇ ਅੰਦਰ _____

ਕਾਲਿੰਗ ਖੇਤਰ _____ ਦੇ ਬਾਹਰ _____

ਬੋਲਣ ਜਾਂ ਸੁਣਨ ਵਿੱਚ ਮੁਸ਼ਕਲਾਂ ਵਾਲੇ ਲੋਕਾਂ ਲਈ TTY/TDD ਸੇਵਾ ਉਪਲਬਧ ਹੈ।
ਸਾਡੀ ਵੈਬਸਾਈਟ 'ਤੇ ਜਾਓ: www.dshs.wa.gov/dcs

ਰੁਜ਼ਗਾਰ, ਸੇਵਾਵਾਂ, ਜਾਂ ਪ੍ਰੋਗਰਾਮ ਦੀਆਂ ਕਿਸੇ ਵੀ ਗਤੀਵਿਧੀਆਂ ਵਿੱਚ ਨਸਲ, ਰੰਗ, ਰਾਸ਼ਟਰੀ ਮੂਲ, ਸੰਪਰਦਾ, ਧਰਮ, ਲਿੰਗ, ਉਮਰ ਜਾਂ ਅਸਮਰਥਤਾ ਦੇ ਅਧਾਰ 'ਤੇ ਕਿਸੇ ਵੀ ਵਿਅਕਤੀ ਨਾਲ ਭੇਦਭਾਵ ਨਹੀਂ ਕੀਤਾ ਜਾਵੇਗਾ। ਇਹ ਫਾਰਮ ਬੇਨਤੀ ਕੀਤੇ ਜਾਣ 'ਤੇ ਵਿਕਲਪਕ ਰੂਪਾਂਤਰਾਂ ਵਿੱਚ ਉਪਲਬਧ ਹੈ।

ਸਿਰਫ ਬਾਲ ਸਹਾਇਤਾ ਏਜੰਸੀ ਦੀ ਵਰਤੋਂ ਲਈ (For Child Support Agency Use Only)			
AGENCY REPRESENTATIVE'S SIGNATURE		DATE	
AGENCY P.O. BOX OR STREET ADDRESS	CITY	STATE	ZIP CODE